ਜਿਲ੍ਹਾ ਪੁਲਿਸ ਵੱਲੋਂ ਸ਼ਰਾਰਤੀ ਅਨਸਰਾਂ ਨੂੰ ਕਾਬੂ ਕਰਨ ਅਤੇ ਅਮਨ ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਮੋਬਾਇਲ ਪੀ.ਸੀ.ਆਰ ਅਤੇ 112 ਹੈਲਪਲਾਈਨ ਵਹੀਕਲਾਂ ਵਿੱਚ ਕੀਤਾ ਵਾਧਾ

ਸ਼ਹਿਰੀ ਏਰੀਆ ਦੇ ਨਾਲ ਲੱਗਦੇ ਦਿਹਾਤੀ ਏਰੀਏ ਵਿੱਚ ਵੀ ਪੀ.ਸੀ.ਆਰ ਵਹੀਕਲਾਂ ਦੀ ਕੀਤੀ ਸ਼ੁਰੂਆਤ

ਟਰੈਫਿਕ ਪੁਲਿਸ ਅਤੇ ਮੁੱਖ ਅਫਸਰਾਨ ਥਾਣਾ ਨੂੰ ਦਿੱਤੇ ਗਏ ਬੌਡੀ ਕੈਮਰੇ




ਸ੍ਰੀ ਮੁਕਤਸਰ ਸਾਹਿਬ ( ) ਸ. ਭਗਵੰਤ ਸਿੰਘ ਮਾਨ, ਮਾਣਯੋਗ ਮੁੱਖ ਮੰਤਰੀ ਪੰਜਾਬ, ਸ੍ਰੀ ਗੌਰਵ ਯਾਦਵ ਆਈ.ਪੀ.ਐਸ. ਡੀ.ਜੀ.ਪੀ ਪੰਜਾਬ ਅਤੇ ਸ੍ਰੀ ਗੁਰਸ਼ਰਨ ਸਿੰਘ ਸੰਧੂ ਆਈ.ਪੀ.ਐਸ ਆਈ.ਜੀ.ਪੀ. ਫਰੀਦਕੋਟ ਰੇਂਜ ਫਰੀਦਕੋਟ ਦੀਆਂ ਹਦਾਇਤਾਂ ਤਹਿਤ ਸ੍ਰੀ ਭਾਗੀਰਥ ਸਿੰਘ ਮੀਨਾ ਆਈ.ਪੀ.ਐਸ., ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਵੱਲੋਂ ਮਾੜੇ ਅਨਸਰਾਂ ਅਤੇ ਨਸ਼ਿਆਂ ਵਿਰੁੱਧ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ, ਜਿਸ ਤਹਿਤ ਜਿਲ੍ਹਾ ਪੁਲਿਸ ਵੱਲੋਂ ਅਲੱਗ-ਅਲੱਗ ਟੁਕੜੀਆ ਬਣਾ ਕੇ, ਸ਼ੱਕੀ ਥਾਵਾਂ ਤੇ ਕਾਸੋ ਅਪ੍ਰੇਸ਼ਨ ਕੀਤੇ ਜਾ ਰਹੇ ਹਨ ਅਤੇ ਅਚਨਚੇਤੀ ਨਾਕਾਬੰਦੀਆਂ ਕਰਕੇ ਸ਼ੱਕੀ ਵਹੀਕਲਾਂ/ਵਿਅਕਤੀਆਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਇਸੇ ਤਹਿਤ ਹੀ ਸ੍ਰੀ ਭਾਗੀਰਥ ਸਿੰਘ ਮੀਨਾ ਆਈ.ਪੀ.ਐਸ. ਐਸ.ਐਸ.ਪੀ, ਸ੍ਰੀ ਮੁਕਤਸਰ ਸਾਹਿਬ ਵੱਲੋਂ ਜਿਲ੍ਹਾ ਦੇ ਏਰੀਆ ਦੇ ਕਰਾਇਮ ਦੀ ਮੈਪਿੰਗ ਕਰਵਾ ਕੇ ਅਤੇ ਫੋਰਸ ਦਾ ਆਡਿਟ ਕਰਕੇ, ਜੁਰਮ ਨੂੰ ਹੋਣ ਤੋਂ ਰੋਕਣ ਅਤੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਜਿਲ੍ਹਾ ਅੰਦਰ ਪੀ.ਸੀ.ਆਰ ਵਹੀਕਲਾਂ ਪਰ ਹੋਰ ਕਰਮਚਾਰੀ ਤਾਇਨਾਤ ਕਰਕੇ, ਮੋਬਾਇਲ ਪੀ.ਸੀ.ਆਰ. ਵਹੀਕਲਾਂ ਦੀ ਗਿਣਤੀ ਵਿੱਚ ਵਾਧਾ ਕੀਤਾ ਗਿਆ ਅਤੇ ਹੈਲਪ ਲਾਈਨ 112 ਲਈ ਜਿਲ੍ਹਾ ਨੂੰ ਅਲਾਟ ਹੋਏ ਵਹੀਕਲਾਂ ਪਰ ਵੀ ਕਰਮਚਾਰੀ ਤਾਇਨਾਤ ਕਰਕੇ 02 ਹੋਰ ਵਹੀਕਲਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਸ੍ਰੀ ਮਨਮੀਤ ਸਿੰਘ ਢਿੱਲੋਂ ਪੀ.ਪੀ.ਐਸ, ਐਸ.ਪੀ. (ਇੰਨਵੈ), ਸ੍ਰੀ ਮੁਕਤਸਰ ਸਾਹਿਬ, ਐਸ.ਆਈ. ਰਵਿੰਦਰ ਕੋਰ ਇੰਚਾਰਜ ਪੀ.ਸੀ.ਆਰ, ਸ੍ਰੀ ਮੁਕਤਸਰ ਸਾਹਿਬ ਅਤੇ ਹੋਰ ਪੁਲਿਸ ਕਰਮਚਾਰੀ ਹਾਜਰ ਸਨ।